# ਸਾਲ 1993 ਦਾ

ਪੰਜਾਬੀ ਟ੍ਰਿਬਿਊਨ, ਐਤਵਾਰ, 1 ਮਈ, 1994 (5)

ਸਾਲ 1993 ਵਿਚ ਸਭਿਆਚਾਰਕ ਸਰਗਰਮੀਆਂ ਵਿਚ ਮੁੱਖ ਤੌਰ 'ਤੇ ਭਾਵੇਂ ਲੋਕ ਗਾਇਕੀ ਦੇ ਮੇਲਿਆਂ ਦੀ ਪ੍ਰਧਾਨਤਾ ਰਹੀ ਹੈ ਪਰ ਨਾਟਕ ਨੇ ਵੀ ਆਪਣੀ ਮਾਨਤਾ ਕਾਇਮ ਰੱਖੀ ਹੈ। ਲੁਧਿਆਣਾ, ਜਲੰਧਰ, ਚੰਡੀਗੜ੍ਹ ਅਤੇ ਸੁਨਾਮ ਵੱਡੀ ਪੱਧਰ ਦੇ ਨਾਟਕ ਮੇਲੇ ਹੋਏ ਜਿਨ੍ਹਾਂ ਵਿਚੋਂ ਕੁਝ ਮੇਲੇ ਸਾਰੀ ਰਾਤ ਦੇ ਨਾਟਕ ਮੇਲੇ ਸਨ। ਇਹਦੇ ਨਾਲ ਹੀ ਅੰਮ੍ਰਿਤਸਰ, ਪਟਿਆਲਾ, ਮਾਨਸਾ, ਸਮਰਾਲਾ, ਬਰਨਾਲਾ ਅਤੇ ਪੰਜਾਬ ਦੇ ਦੂਰ-ਦੁਰਾਡੇ ਪਿੰਡਾਂ ਵਿਚ ਵੀ ਬਕਾਇਦਾ ਨਾਟਕ ਸਰਗਰਮੀਆਂ ਹੋਈਆਂ। ਇਨ੍ਹਾਂ ਵਿਚ ਉਹ ਨਾਟਕ ਵੀ ਹਨ, ਜੋ ਆਡੀਟੋਰੀਅਮ ਵਿਚ ਹੋਏ, ਨੁੱਕੜ ਨਾਟਕ ਵੀ ਹਨ ਅਤੇ ਉਹ ਵੀ ਨਾਟਕ ਹਨ ਜੋ ਪਿੰਡਾਂ ਦੇ ਥੜ੍ਹਿਆਂ 'ਤੇ ਹੋਏ। ਬਾਲ ਨਾਟਕ ਵੀ ਨਾਟਕ ਸਰਗਰਮੀਆਂ ਦੇ ਬਾਕਾਇਦਾ ਭਾਗ ਬਣੇ। ਇਕ ਸੰਖੇਪ ਜਿਹਾ ਸਰਵੇਖਣ ਪੰਜਾਬ ਵਿਚ ਨਾਟਕ ਦੀ ਸਥਿਤੀ ਬਾਰੇ ਅਨੁਮਾਨ ਲਗਾਉਣ ਵਿਚ ਸਹਾਈ ਹੋਵੇਗਾ ਕਿਉਂਕਿ ਨਾਟਕ ਦੀ ਸਭਿਆਚਾਰਕ ਸਰਗਰਮੀਆਂ ਵਿਚ ਆਪਣੀ ਇਕ ਥਾਂ ਹੈ। ਇਹ ਕਲਾ ਦਾ ਉਹ ਰੂਪ ਹੈ ਜਿਸ ਵਿਚ ਕੇਵਲ ਮਨ ਪਰਚਾਵਾ ਹੀ ਨਹੀਂ ਸਗੋਂ ਜ਼ਿੰਦਗੀ ਲਈ ਕੁਝ ਕਹਿਣ ਦੀ ਸਭ ਤੋਂ ਵੱਧ ਸੰਭਾਵਨਾ ਹੈ।

1992 ਵਾਂਗ 1993 ਵਿਚ ਵੀ ਕੇਵਲ ਧਾਲੀਵਾਲ ਪੰਜਾਬ ਦੇ ਨਾਟਕ ਖੇਤਰ ਵਿਚ ਸਾਰਿਆਂ ਨਾਲੋਂ ਵੱਧ ਸਿਰਜਣਾਤਮਕ ਨਾਟਕਕਾਰ ਰਿਹਾ ਹੈ। ਉਹਦੀਆਂ ਨਵੀਆਂ ਕਲਾ ਕ੍ਰਿਤਾਂ 'ਮਹਾਂ ਪੰਡਿਤ', 'ਕੁਦੇਸਣ' ਅਤੇ 'ਵਕਤ ਦੇ ਪਰਾਂ 'ਤੇ' ਨੇ ਨਾਟਕ ਖੇਤਰ ਵਿਚ ਮਹੱਤਵਪੂਰਨ ਹਿੱਸਾ ਪਾਇਆ। ਇਸ ਲੇਖ ਦੇ ਲੇਖਕ ਨੇ 'ਸੁਖੀਂ ਵਸੇ ਮਸ਼ਕੀਨੀਆ' ਅਤੇ ਕੁਝ ਲਘੂ ਨਾਟਕ ਇਸ ਸਾਲ ਪੇਸ਼ ਕੀਤੇ। ਅਜਮੇਰ ਸਿੰਘ ਔਲਖ ਨੇ 'ਇਕ ਸੀ ਦਰਿਆ' ਦੀ ਰਚਨਾ ਕੀਤੀ। ਨੌਜਵਾਨ ਰੰਗਕਰਮੀਆ ਲੱਖਾ ਲਹਿਰੀ, ਕੁਮਾਰ ਪਵਨਦੀਪ ਅਤੇ ਤ੍ਰਿਲੋਚਨ ਨੇ ਨਿਰਦੇਸ਼ਨਾ ਖੇਤਰ ਵਿਚ ਆਪਣੀ ਪੱਕੀ ਪਹਿਚਾਣ ਬਣਾਈ। ਇਸੇ ਤਰ੍ਹਾਂ ਹਰਦੀਪ ਗਿੱਲ, ਲੱਖਾ ਲਹਿਰੀ, ਵੇਦ ਸ਼ਰਮਾ, ਸਾਹਬ ਸਿੰਘ ਤੇ ਅਰਵਿੰਦਰ ਕੌਰ ਨੇ ਅਦਾਕਾਰੀ ਦੇ ਖੇਤਰ ਵਿਚ ਆਪਣੀ ਕਲਾ ਦਾ ਸਿੱਕਾ ਜਮਾਇਆ। ਬਲਵਿੰਦਰ ਭਾਰਤੀ ਨੇ ਮੇਕਅਪ ਤਕਨੀਕ ਵਿਚ ਨਾਂ ਬਣਾਇਆ। ਪੇਂਡੂ ਨਾਟਕ ਖੇਤਰ ਵਿਚ ਬਹੁਤ ਸਾਰੇ ਨਵੇਂ ਗਰੁਪ ਸਰਗਰਮ ਹੋਏ ਜਿਨ੍ਹਾਂ ਨੇ ਸਮੁੱਚੇ ਪੰਜਾਬੀ ਨਾਟਕ ਨੂੰ ਇਕ ਵੱਡੀ ਦੇਣ ਦਿੱਤੀ।

ਮੇਲਿਆਂ ਵਿਚ ਪਹਿਲਾ ਨਾਟਕ ਮੇਲਾ 21-22 ਫਰਵਰੀ ਲੁਧਿਆਣਾ ਦੇ ਪੰਜਾਬੀ ਭਵਨ ਵਿਚ ਕੀਤਾ ਗਿਆ। ਇਹ ਨਾਟਕ ਮੇਲਾ ਐਮ. ਐਸ. ਰੰਧਾਵਾ ਦੀ ਯਾਦ ਵਿਚ ਪੰਜਾਬ ਸੰਗੀਤ ਨਾਟਕ ਅਕਾਦਮੀ ਅਤੇ ਪੰਜਾਬੀ ਅਕਾਦਮੀ ਲੁਧਿਆਣਾ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਦੋ ਰਾਤਾਂ ਵਿਚ ਨਾਟਕਾਂ ਦਾ ਮੰਚਣ ਕਰਵਾਇਆ ਗਿਆ। ਹਰਜੀਤ ਕੈਂਥ ਵਲੋਂ ਗਾਰਗੀ ਦਾ ਇਕਾਂਗੀ 'ਜਵਾਈ', ਲੱਖਾ ਲਹਿਰੀ ਵਲੋਂ ਅਜਮੇਰ ਸਿੰਘ ਔਲਖ ਦਾ ਇਕਾਂਗੀ 'ਬਹਿਕਦਾ ਰੋਹ', ਹਰਕੇਸ਼ ਚੌਧਰੀ ਦੀ ਮੁਲਾਂਪੁਰ ਟੀਮ ਵਲੋਂ ਰਘਬੀਰ ਢੰਡ ਦੀ ਕਹਾਣੀ 'ਤੇ ਆਧਾਰਤ ਨਾਟਕ 'ਕੁਰਸੀ', ਐਚ. ਐਸ. ਰੰਧਾਵਾ ਵਲੋਂ ਹਰਸਰਨ ਸਿੰਘ ਦਾ ਨਾਟਕ 'ਇਕ ਮਾਂ ਦੋ ਮੁਲਕ', ਸੁਰਜੀਤ ਗਾਮੀ ਵਲੋਂ 'ਆਲ੍ਹਣਾ' ਅਤੇ, ਰਜਿੰਦਰ ਕੌਰ ਵਲੋਂ ਬਲਰਾਜ ਮਾਨ ਦਾ ਨਾਟਕ 'ਡੰਡੀਆਂ' ਪੇਸ਼ ਕੀਤੇ ਗਏ। ਪੇਂਡੂ ਨਾਟ ਕਲਾ ਦੀ ਝਲਕ ਇਨ੍ਹਾਂ ਨਾਟਕਾਂ ਵਿਚੋਂ ਪੂਰੀ ਤਰ੍ਹਾਂ ਮਿਲਦੀ ਸੀ।

ਦੂਜਾ ਨਾਟਕ ਮੇਲਾ, ਜਿਸ ਦਾ ਜ਼ਿਕਰ ਜ਼ਰੂਰੀ ਬਣਦਾ ਹੈ, ਉਹ 11 ਅਪਰੈਲ ਦੇਸ਼ ਭਗਤ ਹਾਲ ਜਲੰਧਰ ਵਿਖੇ ਸਾਰੀ ਰਾਤ ਦਾ ਹੋਇਆ। ਇਹ ਪੰਜਾਬ ਸੰਗੀਤ ਨਾਟਕ ਅਕਾਦਮੀ ਵਲੋਂ ਦੇਸ਼ ਭਗਤ ਬੋਰਡ ਦੇ ਸਭਿਆਚਾਰਕ ਵਿੰਗ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਤੋਂ ਪਹਿਲੀ ਸ਼ਾਮ ਨੂੰ ਉਸੇ ਥਾਂ 'ਤੇ ਨੁੱਕੜ ਨਾਟਕ ਹੋਏ। ਫੁਲਵੰਤ ਮਨੋਚਾ ਦੀ ਨੰਗਲ ਦੀ ਟੀਮ ਵਲੋਂ 'ਕਲਮ ਜਾਗ ਪਈ' ਅਤੇ ਲੇਖਕ ਦੀ ਚੰਡੀਗੜ੍ਹ ਟੀਮ ਵਲੋਂ 'ਬੁੱਤ ਜਾਗ ਪਿਆ' ਕੀਤੇ ਗਏ।

ਨੇ, ਜਸਵੰਤ ਖਟਖੜ ਨੇ, ਮਿੱਤਰ ਅਵਤਾਰ ਨੇ ਅਤੇ ਲੱਖਾ ਲਹਿਰੀ ਨੇ ਆਪਣੇ ਨਾਟਕ ਪੇਸ਼ ਕੀਤੇ। ਇਹ ਨਾਟਕ ਮੇਲਾ ਵੀ ਪੰਜਾਬ ਦੀ ਸਮੁੱਚੀ ਨਾਟ ਕਲਾ ਦੀ ਪੂਰੀ ਨੁਮਾਇੰਦਗੀ ਕਰਦਾ ਸੀ।

ਪਹਿਲੀ ਮਈ ਲੁਧਿਆਣਾ ਵਿਖੇ ਪਲਸ ਮੰਚ ਵਲੋਂ ਸਾਰੀ ਰਾਤ ਦਾ ਸਭਿਆਚਾਰਕ ਮੇਲਾ ਹੋਇਆ। ਇਸ ਮੇਲੇ ਵਿਚ ਜਿੱਥੇ ਗੀਤ, ਐਕਸ਼ਨ ਗੀਤ ਹੋਏ ਉਥੇ ਵੱਡੀ ਖਿੱਚ ਨਾਟਕਾਂ ਦੀ ਸੀ। 'ਵੀਹਵੀਂ ਸਦੀ', 'ਇਕ ਸੀ ਚਿੜੀ, ਇਕ ਸੀ ਕਾਂ', 'ਪਘੂੰੜਾ' (ਸਾਰੇ ਲਘੂ ਨਾਟਕ), 'ਕਥਾ ਕਿਹਰ ਸਿੰਘ ਕਿਸਾਨ ਦੀ' (ਬੀਰ ਸਿੰਘ ਨਿਰਵੈਰ ਦੇ ਨਾਵਲ 'ਤੇ ਆਧਾਰਤ), ਚਰਨਜੀਤ ਚੰਨੀ ਦਾ ਲਿਖਿਆ ਵਿਅੰਗ ਨਾਟਕ 'ਮੰਤਰੀ ਰੁੱਝੇ ਹੋਏ ਹਨ ਅਤੇ ਗੋਰਕੀ ਦੇ ਸੰਸਾਰ ਪ੍ਰਸਿੱਧ ਨਾਵਲ 'ਮਾਂ' ਉਤੇ ਆਧਾਰਿਤ ਨਾਟਕ ਪੇਸ਼ ਕੀਤੇ ਗਏ। 'ਮਾਂ' ਜਿਹੜਾ ਪਲਸ ਮੰਚ ਦੀ ਫਗਵਾੜਾ ਟੀਮ ਵਲੋਂ ਪੇਸ਼ ਕੀਤਾ ਗਿਆ, ਉਸ ਦੀ ਖਾਸ ਚਰਚਾ ਹੋਈ। ਮਾਂ ਦੀ ਭੂਮਿਕਾ ਵਿਚ ਭੈਣ ਸੁਮਨ ਨੇ ਅਦਾਕਾਰੀ ਦੀਆਂ ਸਿਖਰਾਂ ਛੋਹੀਆਂ। ਪਲਸ ਮੰਚ ਦਾ ਇਹ ਸਮਾਗਮ, ਜਿਸ ਵਿਚ ਪਲਸ ਮੰਚ ਦੀਆਂ ਪੰਜਾਬ ਭਰ ਦੀਆਂ ਟੀਮਾਂ ਨੇ ਹਿੱਸਾ ਲਿਆ, ਹਰ ਲਿਹਾਜ਼ ਨਾਲ ਇਕ ਯਾਗਦਾਰੀ ਸਭਿਆਚਾਰਕ ਮੇਲਾ ਸੀ।

23-26 ਜੁਲਾਈ ਪੰਜਾਬ ਸਭਿਆਚਾਰ ਵਿਭਾਗ ਵਲੋਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਈਸ਼ਵਰ ਚੰਦਰ ਨੰਦਾ ਦੀ ਯਾਦ ਵਿਚ 'ਨੰਦਾ ਨਾਟਕ ਸਮਾਰੋਹ' ਕਰਵਾਇਆ ਗਿਆ। ਪਹਿਲੀ ਸ਼ਾਮ ਨੰਦਾ ਦਾ ਲਿਖਿਆ ਨਾਟਕ 'ਜਿੰਨ' ਕੁਮਾਰ ਪਵਨਦੀਪ ਦੀ ਨਿਰਦੇਸ਼ਨਾ ਹੇਠ ਚੰਡੀਗੜ੍ਹ ਸਕੂਲ ਆਫ ਡਰਾਮਾ ਵਲੋਂ ਬੜੀ ਸਫਲਤਾ ਨਾਲ ਖੇਡਿਆ ਗਿਆ। 1933 ਵਿਚ ਲਿਖਿਆ ਵਹਿਮਾਂ ਭਰਮਾਂ ਦਾ ਖੰਡਨ ਕਰਦਾ ਇਹ ਨਾਟਕ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਕ ਸੀ। ਇਸੇ ਮੇਲੇ 'ਤੇ ਦੂਜੇ ਦਿਨ ਕੇਵਲ ਧਾਲੀਵਾਲ ਵਲੋਂ 'ਮਹਾਂ ਪੰਡਿਤ' ਪੇਸ਼ ਕੀਤਾ ਗਿਆ। ਪ੍ਰੋ. ਦੀਦਾਰ ਸਿੰਘ ਦੇ ਕਾਵਿਨਾਟ ਨੂੰ ਜਿਸ ਨਿਪੁੰਨਤਾ ਨਾਲ ਕੇਵਲ ਧਾਲੀਵਾਲ ਵਲੋਂ ਪੇਸ਼ ਕੀਤਾ ਗਿਆ, ਉਸ ਨੇ ਇਸ ਨਾਟਕ ਦੀ ਪੰਜਾਬ ਨਾਟਕ ਇਤਿਹਾਸ ਵਿਚ ਇਕ ਕਲਾਸਕੀ ਥਾਂ ਬਣਾ ਦਿੱਤੀ ਹੈ। ਨੰਦਾ ਸਮਾਰੋਹ ਦੀ ਤੀਜੀ ਸ਼ਾਮ ਦਿੱਲੀ ਦੇ 'ਐਕਟ ਵਨ' ਗਰੁੱਪ ਵਲੋਂ ਨਾਟਕ 'ਹੈ ਵੋਹੀ ਬਾਤ ਯੂੰ ਭੀ ਔਰ ਯੂੰ ਭੀ' ਐਨ. ਕੇ. ਸ਼ਰਮਾ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਇਹ ਨਾਟਕ ਨਾਟ ਕਲਾ ਦੀ ਇਕ ਬਹੁਤ ਹੀ ਸਫਲ ਵੰਨਗੀ ਸੀ। ਇਸ ਨਾਟਕ ਉਤਸਵ ਦੀ ਚੌਥੀ ਸ਼ਾਮ ਨੰਦਾ ਦੇ ਨਾਟਕ 'ਸੁਹਾਗ' ਅਤੇ 'ਬੇਈਮਾਨ' ਪੇਸ਼ ਕੀਤੇ ਗਏ ਜਿਨ੍ਹਾਂ ਵਿਚ ਨੰਦਾ ਦੀ ਉਤਮ ਨਾਟ ਕਲਾ ਪੂਰੀ ਤਰ੍ਹਾਂ ਪ੍ਰਵਾਨ ਹੋਈ। ਪੰਜਾਬ ਸਭਿਆਚਾਰਕ ਵਿਭਾਗ ਵਲੋਂ ਇਸ ਨਾਟ ਸਮਾਰੋਹ ਦਾ ਆਯੋਜਿਤ ਕੀਤਾ ਜਾਣਾ ਇਕ ਬਹੁਤ ਵਧੀਆ ਕਦਮ ਸੀ।

17 ਅਕਤੂਬਰ ਸਭਿਆਚਾਰਕ ਵਿਭਾਗ ਵਲੋਂ ਇਕ ਨਾਟਕ ਮੇਲਾ ਸੁਨਾਮ ਵਿਚ ਕੀਤਾ ਗਿਆ ਜਿਸ ਨੂੰ ਆਯੋਜਿਤ ਕਰਨ ਲਈ ਪੰਜਾਬ ਸੰਗੀਤ ਨਾਟਕ ਅਕਾਦਮੀ ਨੇ ਪੂਰਾ ਸਹਿਯੋਗ ਦਿੱਤਾ। ਇਸ ਨਾਟਕ ਮੇਲੇ ਵਿਚ ਚਰਨ ਸਿੰਘ ਸਿੰਧਰਾ ਦੁਆਰਾ ਲਿਖਿਆ ਅਤੇ ਨਿਰਦੇਸ਼ਤ ਸ਼ਹੀਦ ਊਦਮ ਸਿੰਘ ਦੀ ਜੀਵਨੀ ਉਤੇ ਇਕ ਵੱਡਾ ਨਾਟਕ ਪੇਸ਼ ਕੀਤਾ ਗਿਆ। ਇਸ ਸਾਰੇ ਦਿਨ ਦੇ ਨਾਟਕ ਮੇਲੇ ਵਿਚ ਫਰੀਦਕੋਟ ਦੀ ਇਕ ਟੀਮ ਵਲੋਂ ਨਾਟਕ 'ਜਦੋਂ ਰੋਸ਼ਨੀ ਹੁੰਦੀ ਹੈ' ਪੇਸ਼ ਕੀਤਾ ਗਿਆ। ਹੋਰ ਨਾਟਕ ਜੋ ਪੇਸ਼ ਕੀਤੇ ਗਏ ਉਹ 'ਬਹਿਕਦਾ ਰੋਹ', 'ਮਾਂ', 'ਜਿੰਨ' ਅਤੇ ਸੁਨਾਮ ਦੀ ਟੀਮ ਵਲੋਂ ਇਕ ਨਾਟਕ ਸਨ। ਇਸ ਨਾਟਕ ਮੇਲੇ ਦੀ ਇਲਾਕੇ ਵਿਚ ਵਿਸ਼ੇਸ਼ ਚਰਚਾ ਰਹੀ ਤੇ ਇਹ ਕਿਹਾ ਗਿਆ ਕਿ ਸੰਗੀਤਕ ਅਤੇ ਵੱਡੇ ...